# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋ ਨੰ:**DySPD (PEDB)/2019/2019213310 **ਮਿਤੀ: 25.07.2019**

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਹੈ। ਜੋ ਅਧਿਆਪਕ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 07.07.2019 ਤੋਂ 16.07.2019 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ ਮੀਮੋ ਨੰDySPD (PEDB)/2019/2019191668, ਮਿਤੀ 07.07.2019 ਰਾਹੀਂ ਜਾਰੀ ਕਰਕੇ ਮੰਗੀਆਂ ਗਈਆਂ ਹਨ।

2.0 ਪ੍ਰਾਪਤ ਪ੍ਰਤੀ ਬੇਨਤੀਆਂ ਦੀ ਵਿਭਾਗ ਵੱਲੋਂ ਪੜਤਾਲ ਕੀਤੇ ਜਾਣ ਉਪਰੰਤ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਦਰਖਾਸਤਕਰਤਾਵਾਂ ਵੱਲੋਂ ਪਾਲਿਸੀ ਦੀਆਂ ਮੱਦਾਂ ਅਨੁਸਾਰ ਮੁਕੰਮਲ ਵੇਰਵਿਆਂ ਦਾ ਇੰਦਰਾਜ ਨਹੀਂ ਕੀਤਾ ਗਿਆ। ਮਿਸਾਲ ਵੱਜੋਂ ਇਨ੍ਹਾਂ ਤਰੁੱਟੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

2.1 ਦਰਖਾਸਤਕਰਤਾਵਾਂ ਵੱਲੋਂ ਆਪਣੀ ਪ੍ਰਤੀ ਬੇਨਤੀਆਂ ਸਬੰਧੀ ਵੱਖ-ਵੱਖ Modules, ਜਿਵੇਂ ਕਿ"Update General Details";"Update Results"ਅਤੇ"Update Service Record",ਅਧੀਨ ਸਬੰਧਤ ਵੇਰਵੇ ਮੁਕੰਮਲ ਭਰਨ ਉਪਰੰਤ Approve Data ਦਾ Button ਕਲਿਕ ਕੀਤਾ ਜਾਣਾ ਸੀ।ਉਸ ਉਪਰੰਤ Station Choice ਕੀਤੀ ਜਾਣੀ ਸੀ ਅਤੇ "Click here to submit Transfer Application"ਦਾ Button ਕਲਿਕ ਕੀਤਾ ਜਾਣਾ ਸੀ। ਪਰੰਤੂ 691 ਅਧਿਆਪਕ (ਸੂਚੀ ਨੱਥੀ) ਅਜਿਹੇ ਹਨ ਜਿਨ੍ਹਾਂ ਨੇ ਉੱਕਤ ਵਿਧੀ ਅਨੁਸਾਰ ਆਪਣੀ ਦਰਖਾਸਤ ਨਹੀਂ ਦਿੱਤੀ।

2.2 446 ਅਧਿਆਪਕ(ਸੂਚੀ ਨੱਥੀ) ਅਜਿਹੇ ਹਨ ਜਿਨ੍ਹਾਂ ਦੀ ਵੱਖ-ਵੱਖ ਜੋਨਾਂ ਵਿੱਚ ਕੀਤੀ ਸੇਵਾ ਦੇ ਸਮੇਂ ਅਤੇ ਸਿੱਖਿਆ ਵਿਭਾਗ ਵਿੱਚ ਕੀਤੀ ਗਈ ਕੁਲ ਸੇਵਾ ਦੇ ਸਮੇਂ ਵਿੱਚ ਅੰਤਰ ਹੈ।

2.3 62 ਅਧਿਆਪਕ (ਸੂਚੀ ਨੱਥੀ)ਅਜਿਹੇ ਹਨ ਜਿਨ੍ਹਾਂ ਦੀ ਸ਼ਿਕਾਇਤ/ ਪ੍ਰਬੰਧਕੀ ਅਧਾਰ ਤੇ ਬਦਲੀ ਕੀਤੇ ਜਾਣ ਉਪਰੰਤ ਪਾਲਿਸੀ ਦੇ ਸੋਧੇ ਹੋਏ ਪੈਰਾ 11 (ii) ਅਨੁਸਾਰ ਮੌਜੂਦਾ ਤੈਨਾਤੀ ਵਾਲੇ ਸਥਾਨ ਤੇ 3 ਸਾਲ ਦਾ ਸਮਾਂ ਪੂਰਾ ਨਹੀਂ ਹੋਇਆ ਜਿਸ ਕਾਰਨ ਇਨ੍ਹਾਂ ਦਰਖਾਸਤਾਂ ਤੇ ਵਿਚਾਰ ਕੀਤਾ ਜਾਣਾ ਨਹੀਂ ਬਣਦਾ।

2.4 Special/ Exempted Category ਅਧੀਨ ਅਪਲਾਈ ਕਰਨ ਵਾਲੇ 183 ਅਧਿਆਪਕਾਂ (ਸੂਚੀ ਨੱਥੀ)ਵੱਲੋਂ ਆਪਣੀ ਆਪਣੀ Category ਨੂੰ ਤਸਦੀਕ ਕਰਦੇ ਹੋਏ ਦਸਤਾਵੇਜ ਜਾਂ ਤਾਂ ਨਾਲ ਨੱਥੀ ਨਹੀਂ ਕੀਤੇ ਅਤੇ ਜਾਂ ਪਾਲਿਸੀ ਅਨੁਸਾਰ ਲੋੜੀਂਦੇ ਦਸਤਾਵੇਜਾਂ ਦੀ ਥਾਂ ਕੋਈ ਹੋਰ ਦਸਤਾਵੇਜ ਨੱਥੀ ਕੀਤੇ ਗਏ ਹਨ।

2.5 ਇਸ ਤੋਂ ਇਲਾਵਾ ਬਹੁਤ ਸਾਰੇ ਦਰਖਾਸਤ ਕਰਤਾਵਾਂ ਵੱਲੋਂ ਆਪਣੀਆਂ ਸੇਵਾ ਨਾਲ ਸਬੰਧਤ ਹੋਰ ਵੇਰਵੇ ਜਿਵੇਂ ਕਿ ACR ਦੇ ਅੰਕ, ਬੋਰਡ ਦੇ ਸਲਾਨਾ ਨਤੀਜੇ/ ਪੀ.ਪੀ.ਪੀ ਦੇ ਨਤੀਜੇ ਸਹੀ ਨਹੀਂ ਭਰੇ ਹਨ।

3.0 129 ਦਰਖਾਸਤਾਂ (ਸੂਚੀ ਨੱਥੀ) ਅਜਿਹੀਆਂ ਹਨ ਜਿਨ੍ਹਾਂ ਦੀ ਸਬੰਧਤ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਵੱਖ-ਵੱਖ ਕਾਰਨਾਂ, ਜਿਵੇਂ ਕਿ ACR ਦੇ ਅੰਕ/ ਬੋਰਡ ਦੇ ਸਲਾਨਾ ਨਤੀਜੇ/ ਪੀ.ਪੀ.ਪੀ ਦੇ ਨਤੀਜੇ ਸਹੀ ਨਾਂ ਹੋਣ, ਅਧਿਆਪਕ ਵੱਲੋਂ ਦਰਖਾਸਤ ਵਾਪਸ ਲੈਣ ਆਦਿ, ਦੇ ਚਲਦੇ ਦਰਖਾਸਤਕਰਤਾਵਾਂ ਦੀ ਬਦਲੀ ਕਰਨ ਦੀ ਸਿਫਾਰਸ਼ ਨਹੀਂ ਕੀਤੀ ਗਈ।

4.0 ਅਧੂਰੇ ਵੇਰਵਿਆਂ ਅਤੇ ਉਕੱਤ ਦਰਸ਼ਾਈਆਂ ਦਰਖਾਸਤਾਂ ਨੂੰ ਰੱਦ ਕੀਤੇ ਜਾਣ ਦਾ ਸਬਬ ਬਣ ਗਿਆ ਹੈ। ਪਰੰਤੂ ਉਕਤ ਸਥਿਤੀ ਨੂੰ ਵਿਚਾਰ ਕਰਨ ਉਪਰੰਤ ਵਿਭਾਗ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿਉਂ ਜੋ ਵਿਭਾਗ ਵੱਲੋਂ ਹੀ ਨਹੀਂ ਸਗੋਂ ਪੰਜਾਬ ਰਾਜ ਵੱਲੋਂ ਵੀ ਆਨ ਲਾਇਨ ਟ੍ਰਾਂਸਫਰ ਪਾਲਿਸੀ ਦਾ ਇਹ ਨਵਾਂ ਤਜਰਬਾ ਹੈ, ਇਸ ਲਈ ਅਧਿਆਪਕਾਂ ਦੇ ਹਿੱਤਾਂ ਅਤੇ ਪਾਲਿਸੀ ਨੂੰ ਸੁਚਾਰੂ ਅਤੇ ਵਧੇਰੇ ਪਾਰਦਰਸ਼ੀ ਵਿੱਧੀ ਨਾਲ ਲਾਗੂ ਕਰਨ ਲਈ ਅਧਿਆਪਕਾਂ ਨੂੰ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਲਈ ਇੱਕ ਅਖਿਰੀ ਮੋਕਾ ਦੇ ਦੇਣਾ ਬਣਦਾ ਹੈ।

5.0 ਉਪਰੋਕਤ ਦੇ ਸਨਮੁੱਖ ਵਿਸ਼ੇਸ਼ ਤੌਰ ਤੇ, ਉਪਰੋਕਤ ਦਰਖਾਸਤਕਰਤਾਵਾਂ ਨੂੰ ਅਤੇ ਆਮ ਤੌਰ ਤੇ, ਸਮੂਹ ਦਰਖਾਸਤਕਰਤਾਵਾਂ ਨੂੰ ਆਪਣੀ ਪ੍ਰਤੀਬੇਨਤੀਆਂ ਵਿੱਚ ਹੋਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਮਿਤੀ 26.07.2019 ਤੱਕ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ।

6.0 ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਆਪਣੀਆਂ ਦਰਖਾਸਤਾਂ ਵਿੱਚ ਪਾਈਆਂ ਗਈਆਂ ਕਮੀਆਂ ਨੂੰ ਦਰੁਸਤ/ ਪੂਰਾ ਕਰਨ ਉਪਰੰਤ ਸਬੰਧਤ ਸਕੂਲ ਮੁੱਖੀ/ DDO ਤੋਂ ਇਸ ਦੀ ਤਸਦੀਕ ਕਰਵਾਉਣ ਲਈ ਸਬੰਤ ਅਧਿਆਪਕ ਨਿੱਜੀ ਤੌਰ ਤੇ ਖੁਦ ਜਿੰਮੇਵਾਰ ਹੋਣਗੇ।

7.0 ਇਸ ਤੋਂ ਇਲਾਵਾ ਸਬੰਧਤ ਸਕੂਲ ਮੁੱਖੀ/ DDO ਵੀ ਇਹ ਯਕੀਨੀ ਬਣਾਉਣਗੇ ਕਿ ਦਰਖਾਸਤਕਰਤਾ ਵੱਲੋਂ ਭਰੇ ਗਏ ਵੇਰਵੇ ਉਨ੍ਹਾਂ ਦੇ ਸੇਵਾ ਰਿਕਾਰਡ ਅਨੁਸਾਰ ਸਹੀ ਹੋਣ ਅਤੇ ਇਨ੍ਹਾਂ ਵਿੱਚ ਕੋਈ ਕਮੀ/ ਘਾਟ ਹੋਣ ਦੀ ਸੂਰਤ ਵਿੱਚ ਲੋੜੀਦੀ ਸ਼ੋਧ ਆਪਣੇ ਪੱਧਰ ਤੇ ਹੀ ਕੀਤੀ ਜਾਵੇ।

8.0 ਜੇਕਰ ਕਿਸੇ ਅਧਿਆਪਕ ਨੂੰ ਤਰੁੱਟੀਆਂ ਦੂਰ ਕਰਨ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ www.epunjabschool.gov.in ਉੱਤੇ ਉਪਲਬਧ ਹੈ।



**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**